# ਪ੍ਰੈਸ ਨੋਟ

'ਖ਼ਾਲਸਾ ਗਲੋਬਲ ਰੀਚ ਫਾਊਂਡੇਸ਼ਨ ਆਈ.ਐਨ.ਸੀ' ਦੇ ਪ੍ਰਧਾਨ ਡਾ. ਬਖਸੀਸ ਸਿੰਘ ਸੰਧੂ ਵੱਲੋਂ ਭੇਜੀ ਗਈ ਮਾਇਕ ਸਹਾਇਤਾ ਕਾਲਜ ਦੇ ਲਾਇਕ ਤੇ ਆਰਥਿਕ ਤੌਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਅੱਜ ਅੱਠ ਲੱਖ ਰੁਪਏ ਵੰਡੇ ਗਏ। ਡਾ. ਬੀ. ਐੱਸ. ਸੰਧੂ ਜੀ ਕਾਲਜ ਦੇ ਅਲੂਮਨੀ ਹਨ ਜੋ ਅੰਮ੍ਰਿਤਸਰ ਦੇ ਸਰਹੱਦੀ ਪਿੰਡ ਚੀਚਾ-ਭੱਕਣਾ ਦੇ ਵਸਨੀਕ ਹਨ। ਇਹ ਅੱਜ-ਕੱਲ ਅਮਰੀਕਾ ਵਿਚ ਰਹਿ ਰਹੇ ਹਨ। ਇਨ੍ਹਾਂ ਵੱਲੋਂ ਪੜ੍ਹਾਈ ਵਿੱਚ ਲਾਇਕ ਅਤੇ ਆਰਥਿਕ ਤੌਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਇਸ ਸਾਲ ਤੋਂ ਵਜੀਫਾ ਦੇਣ ਦੀ ਕਾਲਜ ਵਿੱਚ ਇਕ ਲੜੀ ਵੱਜੋਂ ਮੁਹਿੰਮ ਸ਼ੁਰੂ ਕੀਤੀ ਗਈ ਹੈ। ਸ੍ਰ. ਸੰਧੂ ਸਾਹਿਬ ਮੁਤਾਬਿਕ ਅਜੋਕੇ ਯੁਗ ਵਿੱਚ ਵਿਦਿਆ ਹੀ ਸਭ ਤੋਂ ਵੱਡਾ ਦਾਨ ਤੇ ਲੋਕ ਭਲਾਈ ਦਾ ਸਾਧਨ ਹੈ। ਖ਼ਾਲਸਾ ਕਾਲਜ ਚੈਰੀਟੇਬਲ ਸੋਸਾਇਟੀ ਅੰਮ੍ਰਿਤਸਰ ਦੇ ਸਕੱਤਰ ਸ੍ਰ. ਰਜਿੰਦਰ ਮੋਹਨ ਸਿੰਘ ਛੀਨਾ ਜੀ ਨੇ ਡਾ. ਸੰਧੂ ਸਾਹਿਬ ਦੀ ਪਰਉਪਕਾਰੀ ਭਾਵਨਾ ਦੀ ਬਹੁਤ ਸ਼ਾਲਘਾ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਦੱਸਿਆ ਕਿ ਡਾ. ਸੰਧੂ ਸਾਹਿਬ ਦੀ ਇੱਛਾ ਸੀ ਕਿ ਇਹ ਪੈਸੇ ਵਿਦਿਆਰਥੀਆਂ ਦੇ ਫੀਸ ਅਕਾਉਂਟ ਵਿਚ ਜਮ੍ਹਾਂ ਕਰਵਾਏ ਜਾਣ ਤਾਂ ਕਿ ਉਨ੍ਹਾਂ ਨੂੰ ਫੀਸ ਦੇਣ ਵਿਚ ਸਹੂਲਤ ਹੋ ਸਕੇ। ਵੱਖ-ਵੱਖ ਕਲਾਸਾ ਦੇ ਤਕਰੀਬਨ 80 ਵਿਦਿਆਰਥੀਆਂ ਨੂੰ ਪ੍ਰਤੀ ਵਿਦਿਆਰਥੀ 10,000/- ਰੁਪਏ ਦੇ ਹਿਸਾਬ ਨਾਲ ਕੁੱਲ ਅੱਠ ਲੱਖ ਰੁਪਏ ਵੰਡੇ ਗਏ ਹਨ ਜੋ ਉਨ੍ਹਾਂ ਦੇ ਫੀਸਾਂ ਦੇ ਅਕਾਉਂਟ ਵਿੱਚ ਜਮ੍ਹਾਂ ਕਰਵਾ ਦਿੱਤੇ ਜਾਣਗੇ। ਇਸ ਸਬੰਧੀ ਵਿਦਿਆਰਥੀਆਂ ਦੇ ਮਾਪਿਆਂ ਨੂੰ ਕਾਲਜ ਵੱਲੋਂ ਸੂਚਿਤ ਕੀਤਾ ਜਾ ਰਿਹਾ ਹੈ। ਕਾਲਜ ਦੇ ਸਮੂਹ ਸਟਾਫ ਨੇ ਡਾ. ਸੰਧੂ ਸਾਹਿਬ ਦੇ ਲੋੜਵੰਦ ਵਿਦਿਆਰਥੀਆਂ ਪ੍ਰਤੀ ਦਿੱਤੀ ਵਿੱਤੀ ਸਹਾਇਤਾ ਦੀ ਭਰਪੂਰ ਪ੍ਰਸੰਸ਼ਾ ਕੀਤੀ।